# ਦਫ਼ਤਰ ਪ੍ਰਿੰਸੀਪਲ ਸਰਕਾਰੀ ਬ੍ਰਿਜਿੰਦਰਾ ਕਾਲਜ, ਫ਼ਰੀਦਕੋਟ

ਨੰ. 161

ਮਿਤੀ: 20/6/2023

## ਐਂਟਰੀ ਲੈਵਲ ਕਲਾਸਾਂ ਦੇ ਦਾਖਲੇ ਸਬੰਧੀ ਜਰੂਰੀ ਨੋਟਿਸ: 2023-24

ਪੰਜਾਬ ਸਰਕਾਰ ਵੱਲੋਂ ਸਰਕਾਰੀ ਕਾਲਜਾਂ ਵਿੱਚ ਦਾਖਲੇ ਲਈ ਸਾਂਝਾ ਕੇਂਦਰੀਕ੍ਰਿਤ ਦਾਖਲਾ ਪੋਰਟਲ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਲਈ ਮਿਤੀ: 15-05-2023 ਤੋਂ ਖੋਲ ਦਿੱਤਾ ਗਿਆ ਸੀ ਅਤੇ ਇਸ ਪੋਰਟਲ 'ਤੇ ਉਮੀਦਵਾਰਾਂ ਲਈ ਰਜਿਸਟ੍ਰੇਸ਼ਨ ਕਰਵਾਉਣ ਦੀ ਅੰਤਿਮ ਮਿਤੀ: 25-06-2023 ਹੈ।

ਜਿਹਨਾਂ ਉਮੀਦਵਾਰਾਂ ਨੇ ਵੱਖ-ਵੱਖ ਐਂਟਰੀ ਲੈਵਲ ਕਲਾਸਾਂ ਵਿੱਚ ਦਾਖਲਾ ਲੈਣ ਲਈ ਆਨਲਾਈਨ ਅਪਲਾਈ ਕੀਤਾ ਹੈ ਅਤੇ ਉਨ੍ਹਾਂ ਦੇ ਆਨਲਾਈਨ ਦਾਖਲ ਫਾਰਮ ਵਿੱਚ ਕਿਸੇ ਵੀ ਪ੍ਰਕਾਰ ਦੀ ਤਰੁੱਟੀ (Objection) ਪਾਈ ਗਈ ਹੈ ਤਾਂ ਸੰਬੰਧਤ ਉਮੀਦਵਾਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਮਿਤੀ: 25-06-2023 ਤੋਂ ਪਹਿਲਾਂ-ਪਹਿਲਾਂ ਹਰ ਹਾਲਤ ਵਿੱਚ ਆਪਣੇ ਦਾਖਲਾ ਫਾਰਮਾਂ ਦੀਆਂ ਲੋੜੀਂਦੀਆਂ ਤਰੁੱਟੀਆਂ (Objections) ਦੂਰ ਕਰਵਾ ਕੇ, ਆਪਣੇ ਆਨਲਾਈਨ ਦਾਖਲਾ ਫਾਰਮ ਦੁਬਾਰਾ ਸਬਮਿੱਟ (Submit) ਕਰ ਦੇਣ।

ਅਜਿਹਾ ਨਾ ਕਰਨ ਦੀ ਸੂਰਤ ਵਿੱਚ ਸੰਬੰਧਤ ਉਮੀਦਵਾਰਾਂ ਦਾ ਨਾਮ ਮੈਰਿਟ ਲਿਸਟ ਵਿੱਚ ਨਹੀਂ ਆਵੇਗਾ ਜਿਸ ਲਈ ਸੰਬੰਧਤ ਉਮੀਦਵਾਰ ਖੁਦ ਜਿੰਮੇਵਾਰ ਹੋਣਗੇ। ਇਸਨੂੰ ਅਤੀ ਜਰੂਰੀ ਸਮਝਿਆ ਜਾਵੇ ਤਾਂ ਜੋ ਕਿਸੇ ਉਮੀਦਵਾਰ ਦਾ ਨੁਕਸਾਨ ਨਾ ਹੋਵੇ।

ਨੋਡਲ ਅਫ਼ਸਰ
(ਡੀ.ਜੀ.ਆਰ. ਪੋਰਟਲ)

ਪ੍ਰਿੰਸੀਪਲ 20/06/23
ਸਰਕਾਰੀ ਬ੍ਰਿਜਿੰਦਰਾ ਕਾਲਜ
ਫ਼ਰੀਦਕੋਟ